# ਪੰਜਾਬੀ ਰੰਗਮੰਚ – ਦਸ਼ਾ ਤੇ ਦਿਸ਼ਾ : ਪੈਸੇ ਦੀ ਘਾਟ ਦਾ ਮੱਸਲਾ

ਕੋਵਿਡ-19 ਦੇ ਦੌਰ ਨੇ ਹਰ ਵਰਤਾਰੇ ਨੂੰ ਬਦਲ ਕੇ ਰੱਖ ਦਿੱਤਾ ਪਰ ਇਹ ਵੀ ਸੱਚ ਹੈ ਕਿ ਜੀਵਨ ਕਦੇ ਨਹੀਂ ਰੁੱਕਦਾ। ਕੰਮਕਾਜ ਤੇ ਪੜ੍ਹਾਈ-ਲਿਖਾਈ ਸਭ ਤਕਨੀਕ ਰਾਹੀ ਅੱਗੇ ਵੱਧਣ ਲੱਗੇ।ਇਸੇ ਕਾਰਣ ਕਾਲਜਾਂ ਤੇ ਹੋਰ ਸੰਸਥਾਵਾਂ ਵਲੋਂ ਕਰਵਾਏ ਜਾਣ ਵਾਲੇ ਸੈਮੀਨਾਰਾਂ ਦੀ ਥਾਂ ਵੈਬੀਨਾਰ ਨੇ ਲੈ ਲਈ। ਇਸੇ ਸੰਦਰਭ ਵਿੱਚ ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ ਦੇ ਪੰਜਾਬੀ ਵਿਭਾਗ ਵਲੋਂ, **ਪੰਜਾਬੀ ਰੰਗਮੰਚ : ਦਸ਼ਾ ਤੇ ਦਿਸ਼ਾ** ਉਤੇ ਇਕ ਵੈਬੀਨਾਰ ਕਰਵਾਇਆ ਗਿਆ, ਜਿਸ ਦੇ ਪ੍ਰਮੁੱਖ ਵਕਤਾ ਰੰਗਮੰਚ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਜਲੰਧਰ ਤੋਂ ਪ੍ਰੋ. ਵੀਨਾ ਅਰੋੜਾ ਤੇ ਦਿੱਲੀ ਰੰਗਕਰਮੀ ਰਵੀ ਤਨੇਜਾ ਨੇ ਇਸ ਵਿਸ਼ੇ ਤੇ ਆਪਣੇ -ਆਪਣੇ ਵਿਚਾਰ ਰੱਖੇ।ਪ੍ਰੋ. ਵੀਨਾ ਅਰੋੜਾ ਕਾਫੀ ਸਮੇਂ ਤੋਂ  ਰੰਗਮੰਚ ਦੇ ਖੋਜ ਕਾਰਜ ਨਾਲ ਜੁੜੇ ਹੋਏ ਹਨ, ਜਿਸ ਵਿੱਚ ਚੜ੍ਹਦੇ ਤੇ ਲਹਿੰਦੇ ਦੋਵਾਂ ਪੰਜਾਬ ਦਾ ਰੰਗਮੰਚ ਸ਼ਾਮਿਲ ਹੈ।ਉਨ੍ਹਾਂ ਨੇ ਮੁੱਖ ਤੌਰ ਉਤੇ ਰੰਗਮੰਚ ਦੇ ਸਿਧਾਂਤਕ ਪੱਖ ਉਤੇ ਰੋਸ਼ਨੀ ਪਾਈ। ਪ੍ਰੋ. ਵੀਨਾ ਅਰੋੜਾ ਨੇ ਕਿਹਾ ਕਿ, ਲਹਿੰਦੇ ਪੰਜਾਬ ਵਿੱਚ ਪਹਿਲਾ ਰੰਗਮੰਚ ਵਧੇਰੇ ਪ੍ਰਫੁੱਲਿਤ ਰਿਹਾ।ਹੁਣ ਇਸ ਵਿੱਚ ਕਮੀ ਆਈ ਹੈ, ਇਸ ਦੇ ਬਾਵਜੂਦ ਉਥੇ ਕਮਰਸ਼ਿਅਲ ਤੇ ਗੰਭੀਰ ਕਿਸਮ ਦੇ ਨਾਟਕ ਖੇਡੇ ਜਾਂਦੇ ਹਨ ਤੇ ਘੱਟੋ-ਘੱਟ 30 ਤੋਂ ਵੱਧ ਨਾਟਕ ਗਰੁੱਪ ਇਸ ਵਿੱਚ ਸ਼ਾਮਿਲ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬੀ ਰੰਗਮੰਚ ਵਿੱਚ ਪ੍ਰੀਤਨਗਰ ਦੇ ਥਿਏਟਰ ਦਾ ਬਹੁਤ ਵੱਡਾ ਹੱਥ ਰਿਹਾ ਹੈ ਤੇ ਇਹ ਅੱਜ ਵੀ ਸਰਗਰਮ ਹੈ।ਇੱਥੇ ਖੇਡੇ ਜਾਂਦੇ ਨਾਟਕਾਂ ਵਿੱਚ ਪਹਿਲੀ ਵਾਰ ਇਸਤਰੀ ਕਿਰਦਾਰ ਨੂੰ 'ਉਮਾਜੀ'  ਵਲੋਂ ਨਿਭਾਇਆ ਗਿਆ, ਜਦਕਿ ਪਹਿਲਾ ਇਹ ਸਾਰੇ ਰੋਲ ਮਰਦਾਂ ਵਲੋਂ ਹੀ ਨਿਭਾਏ ਜਾਂਦੇ ਸਨ।

ਸ੍ਰੀ ਰਵੀ ਤਨੇਜਾ ਨੇ ਪੰਜਾਬੀ ਰੰਗਮੰਚ ਦੇ ਸਮੁੱਚੇ ਸਫ਼ਰ ਉਤੇ ਰੋਸ਼ਨੀ ਪਾਉਂਦੇ ਹੋਏ ਦੱਸਿਆ ਕਿ ਪੰਜਾਬੀ ਨਾਟਕ ਸਦਾ ਸਮੇਂ ਦੇ ਹਾਣ ਦਾ ਰਿਹਾ। ਇਹ ਸਮੇਂ ਨਾਲ ਆਉਂਦੇ ਬਦਲਾਵਾਂ ਨੂੰ ਅਪਨਾ ਕੇ ਹਮੇਸ਼ਾ ਅੱਗੇ ਵੱਧਦਾ ਰਿਹਾ।ਉਨ੍ਹਾਂ ਨੇ ਵੰਡ ਮਗਰੋਂ ਦਿੱਲੀ ਵਿੱਚ ਆ ਕੇ ਵਸੇ ਅਨੇਕ ਉਜੱੜੇ ਰੰਗਕਰਮੀਆਂ ਬਾਰੇ ਦੱਸਿਆ।ਦਿੱਲੀ ਵਿੱਚ ਸਭ ਤੋਂ ਪਹਿਲਾ ਗੁਰਦਿਆਲ ਸਿੰਘ ਖੋਂਸਲਾ, ਸ਼ੀਲਾ ਭਾਟੀਆ ਤੇ ਪਾਰਿਤੋਸ਼ ਗਾਰਗੀ ਨੇ ਪੰਜਾਬੀ ਨਾਟਕ ਖੇਡਣੇ ਅਰੰਭ ਕੀਤੇ ਤੇ ਸੀਮਿਤ ਸਾਧਨਾਂ ਨਾਲ ਇਸ ਨੂੰ ਅੱਗੇ ਵਧਾਇਆ।ਪਰ ਉਨ੍ਹਾਂ ਇਹ ਵੀ ਕਿਹਾ ਕਿ ਰੰਗਮੰਚ ਲਈ ਸਭ ਤੋਂ ਵੱਡੀ ਸਮੱਸਿਆ ਪੈਸੇ ਦੀ ਹੈ, ਜਿਸ ਵਿੱਚ ਪੱਲਿਓਂ ਢਾਈ-ਤਿੰਨ ਲੱਖ ਖਰਚ ਕਰਨਾ ਪੈਂਦਾ ਹੈ।ਇਹੀ ਗੱਲ ਪ੍ਰੋ. ਵੀਨਾ ਅਰੋੜਾ ਨੇ ਵੀ ਕਹੀ ਕਿ, ਰੰਗਮੰਚ ਪ੍ਰਤੀ ਲੋਕਾਂ ਦਾ ਉਤਸਾਹ ਇਸੇ ਲਈ ਘੱਟਦਾ ਜਾ ਰਿਹਾ ਹੈ ਕਿ ਇਸ ਤੋਂ ਪੈਸਾ ਨਹੀਂ ਮਿਲਦਾ।

ਇਸ ਵੈਬੀਨਾਰ ਦੇ ਸੰਚਾਲਕ ਤੇ ਕਾਲਜ ਦੇ ਪੰਜਾਬੀ ਵਿਭਾਗ ਦੇ ਕਨਵੀਨਰ ਡਾ. ਬਰਜਿੰਦਰ ਚੌਹਾਨ ਨੇ ਵੀ ਇਹ ਗੱਲ ਮੰਨੀ ਕਿ ਰੰਗਮੰਚ ਨਾਲ ਜੁੜੇ ਹੋਣ ਕਾਰਣ ਹੀ ਉਹ ਦਿੱਲੀ ਆਏ ਪਰ ਚਰਨਦਾਸ ਸਿੱਧੂ ਦੁਆਰਾ ਉਨ੍ਹਾਂ ਨੂੰ ਇਹ ਰਾਇ ਦਿੱਤੀ ਗਈ ਕਿ ਪਹਿਲਾ ਨੌਕਰੀ ਦਾ ਬੰਦੋਬਸਤ ਕਰਨ ਮਗਰੋਂ ਹੀ ਉਹ ਇਸ ਪਾਸੇ ਵੱਲ ਆਉਣ।

ਕਾਲਜ ਦੇ ਆਈਕਿਊਏਸੀ ਦੇ ਹੈੱਡ ਡਾ. ਦੀਪਕ ਸ਼ਰਮਾ ਨੇ ਕਿਹਾ ਕਿ, ਇਨ੍ਹਾਂ ਦੋਵੇਂ ਵਕਤਿਆਂ ਨੇ ਐਨੀ ਸਰਲਤਾ ਨਾਲ ਆਪਣੇ ਵਿਚਾਰ ਰੱਖੇ ਕਿ ਪੰਜਾਬੀ ਚੰਗੀ ਤਰ੍ਹਾਂ ਨਾ ਜਾਣਦੇ ਹੋਏ ਵੀ ਮੈਨੂੰ ਇਸ ਵਿਸ਼ੇ ਦੀ ਚੰਗੀ ਜਾਣਕਾਰੀ ਹੋ ਗਈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਗੁਰਮੋਹਿੰਦਰ ਸਿੰਘ ਨੇ ਕਿਹਾ ਕਿ, ਸਰਕਾਰੀ ਮਦਦ ਦੀ ਬਜਾਏ ਸਾਨੂੰ ਆਪ ਹੀ ਅਜਿਹੀਆਂ ਕਲਾਵਾਂ ਨੂੰ ਅੱਗੇ ਲਿਜਾਣ ਲਈ ਹਮੇਸ਼ਾ ਤੋਂ ਉੱਦਮ ਕਰਨੇ ਪਏ ਹਨ।ਡਾ. ਚੌਹਾਨ ਨੇ ਵਕਤਿਆਂ, ਪ੍ਰਿੰਸੀਪਲ ਸਰ, ਡਾ. ਦੀਪਕ ਸ਼ਰਮਾ ਤੇ ਸ਼ਾਮਿਲ ਹੋਏ ਅਨੇਕ ਕਾਲਜਾਂ ਦੇ ਪ੍ਰਾਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਜੁੜਣ ਵਾਲੇ ਸਰੋਤਿਆਂ ਵਿੱਚ ਪਟਿਆਲਾ ਯੂਨੀਵਰਸਿਟੀ  ਤੋ ਪ੍ਰੋ. ਯਸ਼ਪਾਲ ਸ਼ਰਮਾ ਤੇ ਦਿੱਲੀ ਅਕਾਦਮੀ ਦੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਵੀ ਸ਼ਾਮਿਲ ਸਨ।